# ਦਫਤਰ, ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ

**ਫੇਜ-3ਬੀ1 (ਸੈਕਟਰ-60) ਐਸ.ਏ.ਐਸ ਨਗਰ(ਮੋਹਾਲੀ)**

**ਈ-ਮੇਲ:- recruitment@punjabeducation.gov.in** **ਫੋਨ ਨੰ: 0172-3115378**

---

**ਨੰਬਰ:-** 938929/ਭ.ਡ.(4)/2025341007 ਮਿਤੀ, ਐਸ.ਏ.ਐਸ.ਨਗਰ:-20-11-2025

**ਪਬਲਿਕ ਨੋਟਿਸ**

ਸਿੱਖਿਆ ਵਿਭਾਗ, ਪੰਜਾਬ ਵੱਲੋਂ **ਸਪੈਸ਼ਲ ਐਜੂਕੇਟਰ ਟੀਚਰ (ਪ੍ਰਾਇਮਰੀ ਕਾਡਰ) ਦੀਆਂ 393 ਅਸਾਮੀਆਂ** ਦਾ ਵਿਗਿਆਪਨ ਮਿਤੀ 21-07-2025 ਨੂੰ ਦਿੱਤਾ ਗਿਆ ਸੀ। ਇਹਨਾਂ ਅਸਾਮੀਆਂ ਨੂੰ ਭਰਨ ਸਬੰਧੀ ਵਿਭਾਗੀ ਲਿਖਤੀ ਟੈਸਟ ਮਿਤੀ 16-11-2025 ਨੂੰ ਲਿਆ ਗਿਆ ਸੀ। ਲਿਖਤੀ ਟੈਸਟ ਨਾਲ ਸਬੰਧਤ ਉੱਤਰ ਕੁੰਜੀ (Answer Key) ਵਿਭਾਗ ਦੀ ਵੈਬਸਾਈਟ erd.punjab.gov.in ਤੇ ਅਪਲੋਡ ਕਰ ਦਿੱਤੀ ਗਈ ਹੈ। ਜੇਕਰ ਕਿਸੇ ਉਮੀਦਵਾਰ ਨੂੰ ਉੱਤਰ ਕੁੰਜੀ (Answer Key) ਨਾਲ ਸਬੰਧਤ ਕੋਈ ਇਤਰਾਜ ਹੋਵੇ ਤਾਂ ਉਹ ਵਿਭਾਗ ਦੀ ਵੈਬਸਾਈਟ erd.punjab.gov.in ਤੇ ਦਿੱਤੇ ਗਏ ਲਿੰਕ ਰਾਹੀਂ 50/- ਰੁਪਏ ਪ੍ਰਤੀ ਇਤਰਾਜ ਫੀਸ ਆਨਲਾਈਨ ਜਮ੍ਹਾ ਕਰਵਾਉਂਦੇ ਹੋਏ, ਇਸ ਦਫਤਰ ਵੱਲੋਂ ਜਾਰੀ ਨਿਰਧਾਰਤ ਪ੍ਰੋਫਾਰਮੇ ਵਿੱਚ ਇਤਰਾਜ ਮਿਤੀ 23.11.2025 ਨੂੰ ਸਮਾਂ ਸ਼ਾਮ 5:00 ਵਜੇ ਤੱਕ Submit ਕਰ ਸਕਦੇ ਹਨ। ਮਿਤੀ 23.11.2025 ਸਮਾਂ ਸ਼ਾਮ 5:00 ਵਜੇ ਤੋਂ ਬਾਅਦ ਉਮੀਦਵਾਰਾਂ ਦਾ ਕੋਈ ਵੀ ਇਤਰਾਜ ਵਿਚਾਰਿਆ ਨਹੀਂ ਜਾਵੇਗਾ।

P. Sharma

**ਸਹਾਇਕ ਡਾਇਰੈਕਟਰ**

**ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ**